**ਪੱਨਬੱਸ ਵਿੱਚ ਕੰਟਰੈਕਟ ਦੇ ਆਧਾਰ ਤੇ ਸੈਕਸ਼ਨ ਅਫਸਰ ਦੀ ਆਸਾਮੀ ਭਰਨ ਲਈ ਅਪਣਾਏ ਜਾਣ ਵਾਲੇ ਮਾਪਦੰਡ ਅਤੇ ਸ਼ਰਤਾਂ ਦਾ ਵੇਰਵਾ:-**

1) ਸੈਕਸ਼ਨ ਅਫਸਰ ਦੀ ਆਸਾਮੀ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚੋਂ ਸੇਵਾ ਨਵਿਰਤ ਹੋ ਚੁੱਕੇ ਐਸ.ਏ.ਐਸ. ਕਾਡਰ ਦੇ ਸੈਕਸ਼ਨ ਅਫਸਰ, ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ), ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਜੁਆਇੰਟ ਕੰਟਰੋਲਰ (ਵਿੱਤ ਤੇ ਲੇਖਾ) ਅਧਿਕਾਰੀਆਂ ਵਿੱਚੋਂ ਭਰੀ ਜਾਵੇਗੀ।

2) ਸੈਕਸ਼ਨ ਅਫਸਰ ਦੀ ਆਸਾਮੀ ਪੱਨਬੱਸ ਦੇ ਵੱਖ-ਵੱਖ 18 ਡਿਪੂਆਂ ਲਈ ਭਰੀਆਂ ਜਾਣੀਆਂ ਹਨ। ਭਰਤੀ ਉਪਰੰਤ ਅਧਿਕਾਰੀ ਨੂੰ ਪੱਨਬੱਸ ਦੇ ਕਿਸੇ ਵੀ ਡਿਪੂ ਵਿੱਚ ਲੋੜ ਪੈਣ ਤੇ ਬਦਲਿਆ/ਵਾਧੂ ਚਾਰਜ ਦਿੱਤਾ ਜਾ ਸਕਦਾ ਹੈ।

3) ਸੈਕਸ਼ਨ ਅਫਸਰ ਦੀ ਆਸਾਮੀ ਨਿਰੋਲ ਕੰਟਰੈਕਟ ਦੇ ਆਧਾਰ ਤੇ ਭਰੀ ਜਾਵੇਗੀ।

4) ਸੈਕਸ਼ਨ ਅਫਸਰ ਦੀ ਆਸਾਮੀ ਲਈ ਉੱਕਾ-ਪੁੱਕਾ ਤਨਖਾਹ 30,000/-ਰੁ: ਹੋਵੇਗੀ।

5) ਸੈਕਸ਼ਨ ਅਫਸਰ ਦੀ ਆਸਾਮੀ ਲਈ ਉਮਰ ਹੱਦ 65 ਸਾਲ ਹੋਵੇਗੀ।

6) ਸੈਕਸ਼ਨ ਅਫਸਰ ਦੀ ਆਸਾਮੀ ਲਈ ਉਮੀਦਵਾਰ ਮੈਡੀਕਲ ਤੌਰ ਤੇ ਫਿੱਟ ਹੋਣਾ ਚਾਹੀਦਾ ਹੈ।

7) ਸੈਕਸ਼ਨ ਅਫਸਰ ਦੀ ਆਸਾਮੀ ਦਾ ਕਾਰਜਕਾਲ ਇੱਕ ਸਾਲ ਦਾ ਹੋਵੇਗਾ। ਅਧਿਕਾਰੀ ਦੇ ਕੰਮਕਾਜ ਦੀ ਸਮੀਖਿਆ ਉਪਰੰਤ ਮੈਨੇਜਿੰਗ ਡਾਇਰੈਕਟਰ, ਪੱਨਬੱਸ ਕਾਰਜਕਾਲ ਵਿੱਚ ਵਾਧਾ ਕਰਨ/ਖਤਮ ਕਰਨ ਲਈ ਅਧਿਕਾਰਤ ਹੋਣਗੇ।

8) ਸੈਕਸ਼ਨ ਅਫਸਰ ਦੀ ਆਸਾਮੀ ਲਈ ਉਮੀਦਵਾਰ ਵਿਰੁੱਧ ਕੋਈ ਵਿਭਾਗੀ ਜਾਂਚ/ਕੋਰਟ ਕੇਸ/ਵਿਜੀਲੈਂਸ ਕੇਸ ਜਾਂ ਫੌਜਦਾਰੀ ਚਲਦਾ ਨਾ ਹੋਵੇ।

9) ਸੈਕਸ਼ਨ ਅਫਸਰ ਦੀ ਆਸਾਮੀ ਤੇ ਨਿਯੁਕਤ ਉਮੀਦਵਾਰ ਨੂੰ ਟੀ.ਏ./ਡੀ.ਏ. ਮੁੱਢਲੇ ਤਨਖਾਹ ਸਕੇਲ 10300-34800+5000 ਗ੍ਰੇਡ ਪੇ ਤੇ ਮਿਲਣ ਵਾਲੇ ਭੱਤੇ ਦੇ ਬਰਾਬਰ ਦਿੱਤੇ ਜਾਣਗੇ।

10) ਸੈਕਸ਼ਨ ਅਫਸਰ ਦੀ ਆਸਾਮੀ ਦੀ ਆਸਾਮੀ ਦੇ ਉਮੀਦਵਾਰ ਨੂੰ ਮਹੀਨੇ ਵਿੱਚ ਇੱਕ ਅਚਨਚੇਤ ਛੁੱਟੀ ਮਿਲੇਗੀ। ਕਲੰਡਰ ਸਾਲ ਵਿੱਚ ਕੁੱਲ 12 ਛੁੱਟੀਆਂ ਮਿਲਣਯੋਗ ਹੋਣਗੀਆਂ। ਇੱਕ ਸਮੇਂ ਚਾਰ ਤੋਂ ਵੱਧ ਛੁੱਟੀਆਂ ਨਹੀਂ ਲੈ ਸਕੇਗਾ। ਇਹ ਛੁੱਟੀਆਂ ਅਗਲੇ ਚਾਲੂ ਸਾਲ ਵਿੱਚ ਟਰਾਂਸਫਰ ਨਹੀਂ ਹੋਣਗੀਆਂ।

11) ਸੈਕਸ਼ਨ ਅਫਸਰ ਦੀ ਆਸਾਮੀ ਲਈ ਨਿਯੁਕਤ ਉਮੀਦਵਾਰ ਜੇਕਰ ਆਪਣੀ ਨੌਕਰੀ ਛੱਡਣਾ ਚਾਹੇਗਾ ਤਾਂ ਉਸ ਨੂੰ ਇੱਕ ਮਹੀਨੇ ਦਾ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾ ਕਰਵਾਉਣੀ ਪਵੇਗੀ।

12) ਸੈਕਸ਼ਨ ਅਫਸਰ ਦੀ ਆਸਾਮੀ ਤੇ ਨਿਯੁਕਤ ਉਮੀਦਵਾਰ ਸਬੰਧਤ ਡਿਪੂ ਮੈਨੇਜਰ ਦੇ ਅਧੀਨ ਕੰਮ ਕਰੇਗਾ।

13) ਸੈਕਸ਼ਨ ਅਫਸਰ ਦੀ ਆਸਾਮੀ ਤੇ ਨਿਯੁਕਤ ਉਮੀਦਵਾਰ ਵੱਲੋਂ ਹੇਠ ਅਨੁਸਾਰ ਡਿਊਟੀ ਲਈ ਜਾਵੇਗੀ:-

a) Proforma Accounts is completed upto 2003-2004 and Department has to adopt Accrual Based Accounting Systems in all Depots during this financial year 2017-18. In case the proforma Accounts are not completed, it will not be possible to transfer the closing balances of year 2016-17.

b) Maintaining accounts in Accrual Based Accounting Systems (Double Entry System) form Ist April,2017, Accounts expert persons are required to maintain these accounts.

14) ਸੈਕਸ਼ਨ ਅਫਸਰ ਦੀ ਆਸਾਮੀ ਤੇ ਨਿਯੁਕਤ ਉਮੀਦਵਾਰ, ਚੇਅਰਮੈਨ, ਪੱਨਬੱਸ, ਮੈਨੇਜਿੰਗ ਡਾਇਰੈਕਟਰ, ਪੱਨਬੱਸ ਅਤੇ ਡਿਪੂ ਮੈਨੇਜਰ, ਪੱਨਬੱਸ ਅਧੀਨ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ/ਹੁਕਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਣਗੇ।

ਮੈਨੇਜਿੰਗ ਡਾਇਰੈਕਟਰ, ਪੱਨਬੱਸ।